# ਭੂਟਾਨ ਦੇ ਪ੍ਰਧਾਨ ਮੰਤਰੀ ਨਾਲ ਪ੍ਰਧਾਨ ਮੰਤਰੀ ਦੀ ਦੁਵੱਲੀ ਮੀਟਿੰਗ ਅਤੇ ਸਮਝੌਤਿਆਂ (ਐਮ.ਓ.ਯੂ.) ਦਾ ਅਦਾਨ-ਪ੍ਰਦਾਨ

ਮਾਰਚ 22, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ, ਅੱਜ ਥਿੰਫੂ ਵਿੱਚ ਭੂਟਾਨ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼ੇਰਿੰਗ ਤੋਬਗੇ ਨਾਲ, ਉਨ੍ਹਾਂ ਦੇ ਸਨਮਾਨ ਵਿੱਚ ਆਯੋਜਿਤ ਵਰਕਿੰਗ ਲੰਚ ਦੇ ਦੌਰਾਨ ਮਿਲੇ। ਪ੍ਰਧਾਨ ਮੰਤਰੀ ਨੇ ਪਾਰੋ ਤੋਂ ਥਿੰਫੂ ਤੱਕ ਦੇ ਪੂਰੇ ਸਫ਼ਰ ਦੇ ਦੌਰਾਨ, ਲੋਕਾਂ ਵੱਲੋਂ ਉਨ੍ਹਾਂ ਦਾ ਸੁਆਗਤ ਕਰਨ ਲਈ, ਪ੍ਰਧਾਨ ਮੰਤਰੀ ਟੋਬਗੇ ਦਾ ਧੰਨਵਾਦ ਕੀਤਾ।

2. ਦੋਵੇਂ ਨੇਤਾਵਾਂ ਨੇ ਬਹੁ-ਪੱਖੀ ਦੁਵੱਲੇ ਸਬੰਧਾਂ ਦੇ ਵੱਖੋ-ਵੱਖਰੇ ਪਹਿਲੂਆਂ 'ਤੇ ਚਰਚਾ ਕੀਤੀ ਅਤੇ ਨਵਿਆਉਣਯੋਗ ਊਰਜਾ, ਖੇਤੀਬਾੜੀ, ਯੁਵਾ ਵਟਾਂਦਰਾ, ਵਾਤਾਵਰਣ ਅਤੇ ਜੰਗਲਾਤ ਅਤੇ ਸੈਰ-ਸਪਾਟਾ ਵਰਗੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਲਈ ਇੱਕ ਸਮਝ ਸਥਾਪਤ ਕੀਤੀ। ਭਾਰਤ ਅਤੇ ਭੂਟਾਨ ਸਾਰੇ ਪੱਧਰਾਂ 'ਤੇ ਅਤਿ ਭਰੋਸੇ, ਸਦਭਾਵਨਾ ਅਤੇ ਆਪਸੀ ਸਮਝ ਵਾਲੇ ਵਿਸ਼ੇਸ਼, ਲੰਬੇ ਸਮੇਂ ਤੋ ਚਲੇ ਆ ਰਹੇ ਅਤੇ ਬੇਮਿਸਾਲ ਸਬੰਧਾਂ ਦਾ ਆਨੰਦ ਮਾਣਦੇ ਹਨ।

3. ਇਸ ਮੁਲਾਕਾਤ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਅਤੇ ਭੂਟਾਨ ਦੇ ਪ੍ਰਧਾਨ ਮੰਤਰੀ ਊਰਜਾ, ਵਪਾਰ, ਡਿਜ਼ੀਟਲ ਕਨੈਕਟੀਵਿਟੀ, ਸਪੇਸ, ਖੇਤੀਬਾੜੀ, ਨੌਜਵਾਨਾਂ ਦੇ ਸੰਪਰਕ ਵਿੱਚ ਹੋਏ ਕਈ ਹੋਰ ਐਮ.ਓ.ਯੂ./ ਸਮਝੌਤਿਆਂ ਦੇ ਆਦਾਨ-ਪ੍ਰਦਾਨ ਦੇ ਗਵਾਹ ਬਣੇ।

https://bit.ly/3xa8U7y

**ਥਿੰਫੂ**
**22 ਮਾਰਚ, 2024**